

# ਕੂਕਾ ਵਿਦਰੋਹ ਦੇ ਦੋ ਦਸਤਾਵੇਜ਼

ਪੰਜਾਬੀ ਟ੍ਰਿਬਿਊਨ, ਚੰਡੀਗੜ੍ਹ, ਐਤਵਾਰ, 4 ਫਰਵਰੀ, 2007

ਮਲਵਿੰਦਰਜੀਤ ਸਿੰਘ ਵੜੈਚ

ਕੂਕਾ ਲਹਿਰ 19ਵੀਂ ਸਦੀ ਦੇ ਦੂਜੇ ਅੱਧ, 1857 ਦੇ ਗ਼ਦਰ ਤੋਂ ਐਨ ਪਿੱਛੋਂ ਇਕ ਧਾਰਮਿਕ, ਸਮਾਜਿਕ ਅੰਦੋਲਨ ਵਜੋਂ ਪਨਪੀ ਪਰ ਲਥਦੇ ਹੀ ਇਹ ਵਿਦਰੋਹੀ ਰੂਪ ਧਾਰਨ ਕਰ ਗਈ। 14-15 ਜਨਵਰੀ 1872 ਨੂੰ 200-300 ਕੂਕਿਆਂ ਨੇ ਪਹਿਲਾਂ ਮਲੌਦ ਤੇ ਫੇਰ 15 ਜਨਵਰੀ 1872 ਨੂੰ ਮਲੇਰਕੋਟਲਾ ਰਿਆਸਤ ਦੇ ਅਸਲਾ ਖਾਨਿਆਂ ਤੇ ਖਜ਼ਾਨਿਆਂ 'ਤੇ ਧਾਵਾ ਬੋਲਿਆ। ਯੋਜਨਾ ਇਹ ਸੀ ਕਿ ਇਹ ਹਥਿਆਰ ਆਦਿ ਹਾਸਲ ਕਰਕੇ ਪਟਿਆਲਾ, ਨਾਭਾ, ਜੀਂਦ ਦੀਆਂ ਰਿਆਸਤਾਂ 'ਤੇ ਹੱਲੇ-ਬੋਲੇ ਜਾਣ। ਗਹਿਗਚ ਮੁਕਾਬਲੇ ਵਿਚ ਪੁਲੀਸ ਦੇ 8 ਸਿਪਾਹੀ ਹਲਾਕ ਤੇ 15 ਜ਼ਖਮੀ ਹੋਏ ਤੇ ਵਿਦਰੋਹੀਆਂ 'ਚੋਂ 9-10 ਸ਼ਹੀਦ ਹੋ ਗਏ। ਸਰਕਾਰੀ ਰਿਕਾਰਡ ਅਨੁਸਾਰ 16 ਜਨਵਰੀ, 1872 ਨੂੰ ਰੜ੍ਹ ਪਿੰਡ ਵਿਚ 68 ਕੂਕੇ ਗ੍ਰਿਫਤਾਰ ਕੀਤੇ ਗਏ ਜਿਨ੍ਹਾਂ ਵਿਚੋਂ 30 ਜ਼ਖਮੀ ਸਨ। ਇਨ੍ਹਾਂ 'ਚੋਂ ਦੋ ਬੀਬੀਆਂ ਸ੍ਰੀਮਤੀ ਇੰਦਾਂ, ਸ੍ਰੀਮਤੀ ਮੇਮੋਂ ਤੋਂ ਇਲਾਵਾ 13 ਸਾਲਾ ਭੁਝੰਗੀ ਬਿਸ਼ਨ ਸਿੰਘ ਵੀ ਸ਼ਾਮਲ ਸੀ, ਜਿਸ ਨੂੰ 17 ਜਨਵਰੀ ਨੂੰ ਕਾਵਨ (ਡੀ.ਸੀ.) ਦੀ ਦਾੜ੍ਹੀ ਨੂੰ ਚਿੰਬੜੇ ਹੋਏ ਨੂੰ ਤਲਵਾਰਾਂ ਸੰਗੀਨਾਂ ਨਾਲ ਸ਼ਹੀਦ ਕਰ ਦਿੱਤਾ ਗਿਆ ਸੀ। ਇਸ ਤਵਾਰੀਖੀ ਘਟਨਾ ਬਾਰੇ ਦੋ ਦਸਤਾਵੇਜ਼ ਹਨ, ਦੇ ਇਸ ਲੇਖ 'ਚ ਪਾਠਕਾਂ ਨਾਲ ਸਾਂਝੀਆਂ ਕੀਤੀਆਂ ਜਾ ਰਹੀਆਂ ਹਨ। ਪਹਿਲੀ ਇਨ੍ਹਾਂ ਦੀ ਗ੍ਰਿਫਤਾਰੀ ਤੇ ਮਾਲੇਰਕੋਟਲੇ ਪੇਸ਼ ਕਰਨ ਬਾਰੇ ਹੈ ਤੇ ਦੂਜੀ ਹੈ ਡੀ.ਸੀ. ਕਾਵਨ ਦੀ 17 ਜਨਵਰੀ 1872 ਨੂੰ ਇਸ ਨੂੰ ਤੋਪਾਂ ਨਾਲ ਉਡਾ ਦੇਣ ਦੇ ਤੁਰੰਤ ਬਾਅਦ ਲਿਖੀ ਰਿਪੋਰਟ ਵਿਚੋਂ।





## ਪਹਿਲਾ ਦਸਤਾਵੇਜ਼

ਗ੍ਰਿਫਤਾਰੀ ਬਾਰੇ ਇਤਿਹਾਸਕ ਵੇਰਵਾ ਪਟਿਆਲਾ ਰਿਆਸਤ ਦੇ ਵਜ਼ੀਰੇ-ਆਜ਼ਮ ਦੀ ਉਰਦੂ ਲਿਖਤ ਤਾਰੀਖੇ ਪਟਿਆਲਾ 1878 'ਚ ਹੇਠ ਲਿਖੇ ਅਨੁਸਾਰ ਦੱਸਦਾ ਹੈ।

''ਜਦ ਕੂਕੇ ਕੋਟਲੇ ਫਸਾਦ ਕਰਕੇ ਰੜ੍ਹ ਵਿਖੇ ਆਏ ਤਾਂ ਨਾਇਬ ਨਾਜ਼ਮ, ਅਮਰਗੜ੍ਹ ਸਯਦ ਨਿਆਜ਼, ਉਥੋਂ ਚਾਰ ਮੀਲ ਦੂਰ ਸ਼ੇਰਗੜ੍ਹ ਸਨ। ਉਸ ਵੇਲੇ 11 ਵਜੇ (ਸਵੇਰ) ਦੇ ਸਨ। ....ਉਹ ਆਪਣੇ ਨਾਲ ਕੁਝ ਆਦਮੀ ਤੇ ਹਥਿਆਰ ਲੈ ਕੇ ਮੌਕੇ 'ਤੇ ਪਹੁੰਚੇ... ਜਦੋਂ 40-50 ਕਦਮਾਂ ਦਾ ਫਾਸਲਾ ਰਹਿ ਗਿਆ ਤਾਂ ਉਨ੍ਹਾਂ ਫਸਾਦੀਆਂ ਨੂੰ ਲਲਕਾਰਿਆ, ਜੋ ਪਹਿਲਾਂ ਤਾਂ ਹਮਲਾ ਕਰਨ ਦੀ ਨੀਯਤ ਨਾਲ ਅਗਾਂਹ ਵਧੇ। ਨਾਜ਼ਮ ਸਾਹਿਬ ਘੋੜੇ ਤੋਂ ਉਤਰ ਕੇ ਉਨ੍ਹਾਂ ਫਸਾਦੀਆਂ ਨੂੰ ਵੰਗਾਰਿਆ, ''ਮੈਂ ਮਹਾਰਾਜ ਦਾ ਨਾਜ਼ਮ ਹਾਂ ਅਤੇ ਤੁਹਾਨੂੰ ਗ੍ਰਿਫਤਾਰ ਕਰਨ ਆਇਆਂ ਹਾਂ। ਬੇਸ਼ੱਕ ਅਸੀਂ ਕੁਝ ਆਦਮੀ ਇਸੇ ਮੁਕਾਬਲੇ 'ਚ ਮਾਰੇ ਜਾ ਸਕਦੇ ਹਾਂ ਪਰ ਮਹਾਰਾਜ ਤੁਹਾਨੂੰ ਕਿਸੇ ਨੂੰ ਵੀ ਜਿਉਂਦਾ ਨਹੀਂ ਛੱਡਣਗੇ।'' ...ਕੁਝ ਦੇਰ ਤਾਂ ਫਸਾਦੀ ਅੜੇ ਰਹੇ ਤੇ ਫਿਰ ਢਿੱਲੇ ਪੈਂਦੇ ਨਜ਼ਰ ਆਏ ਤੇ ਗ੍ਰਿਫਤਾਰ ਕਰ ਲਏ ਗਏ।

68 ਵਿਅਕਤੀ ਗ੍ਰਿਫਤਾਰ ਕੀਤੇ ਗਏ, ਜਿਨ੍ਹਾਂ 'ਚ 19 ਜ਼ਖਮੀ ਲਗਦੇ ਸਨ ਤੇ ਇਨ੍ਹਾਂ ਵਿਚ ਉਹ ਦੋ ਔਰਤਾਂ ਵੀ ਸ਼ਾਮਲ ਸਨ ਜਿਨ੍ਹਾਂ ਨੇ ਮਾਲਰਕੋਟਲੇ 'ਚ ਕੁਝ ਬੰਦਿਆਂ ਨੂੰ ਜ਼ਖਮੀ ਕੀਤਾ ਸੀ। ਇਨ੍ਹਾਂ ਨੂੰ ਰਾਤੀਂ 10 ਵਜੇ ਸ਼ੇਰਗੜ੍ਹ ਗੜ੍ਹੀ ਵਿਚ ਨਜ਼ਰਬੰਦ ਕਰ ਦਿੱਤਾ ਗਿਆ। ਰਾਤੀਂ ਉਨ੍ਹਾਂ ਦੇ ਲਾਉਣ ਲਈ ਬੇੜੀਆਂ ਹਥਕੜੀਆਂ ਦਾ ਪ੍ਰਬੰਧ ਕੀਤਾ ਗਿਆ ਤੇ ਜ਼ਖਮੀਆਂ ਦੇ ਜ਼ਖਮ ਵੀ ਜ਼ਬਰਦਸਤੀ ਸੀਤੇ ਗਏ ਕਿਉਂਕਿ ਉਹ ਕਿਸੇ ਇਲਾਜ ਵਗੈਰਾ ਲਈ ਰਜ਼ਾਮੰਦ ਨਹੀਂ ਸਨ।

17 ਜਨਵਰੀ 1872 ਨੂੰ ਸ਼ਾਮੀਂ ਡੀ.ਸੀ. ਲੁਧਿਆਣੇ ਕੋਲ ਇਨ੍ਹਾਂ ਨੂੰ ਪੇਸ਼ ਤਾਂ ਕੀਤਾ ਗਿਆ ਸੀ ਕਿ ਕਾਨੂੰਨ ਮੁਤਾਬਕ ਕਰਵਾਈ ਕੀਤੀ ਜਾਵੇਗੀ ਪਰ ਉਸ ਵਕਤ ਮਿਸਟਰ ਕਾਵਨ, ਡੀ.ਸੀ. ਲੁਧਿਆਣਾ ਨੇ ਬਿਨਾਂ ਕਿਸੇ ਕਾਨੂੰਨੀ ਪੜਤਾਲ ਦੇ ਫਸਾਦੀਆਂ ਵਿਚੋਂ 49 ਨੂੰ ਸ਼ਰੇਆਮ ਤੋਪਾਂ ਨਾਲ ਉਡਾ ਦਿੱਤਾ। 18 ਇਸ ਲਈ ਬਚ ਗਏ ਕਿ ਹਨੇਰਾ ਪੈ ਚੁੱਕਾ ਸੀ। ਇਨ੍ਹਾਂ 'ਚੋਂ ਦੋ ਔਰਤਾਂ ਨੂੰ ਛੱਡ ਕੇ ਬਾਕੀ 16 ਨੂੰ ਅਗਲੇ ਦਿਨ 18 ਜਨਵਰੀ 1872 ਨੂੰ ਇਸੇ ਤਰ੍ਹਾਂ ਤੋਪਾਂ ਨਾਲ ਉਡਾ ਦਿੱਤਾ।

ਸਜ਼ਾ ਦੇਣ ਲਈ ਅਪਣਾਇਆ ਇਹ ਢੰਗ-ਤਰੀਕਾ ਬਿਨਾਂ ਸ਼ੱਕ ਵੇਲੇ ਦੇ ਕਾਨੂੰਨ ਵਿਰੁੱਧ ਹੀ ਸੀ ਅਤੇ ਅੰਗਰੇਜ਼ੀ ਰਾਜ ਦੀਆਂ ਮਾਨਤਾਵਾਂ ਨਾਲ ਖਿਲਕੁਲ ਮੇਚ ਨਹੀਂ ਸੀ ਖਾਂਦਾ।

ਨੋਟ: ਇਨ੍ਹਾਂ 68 ਵਿਦਰੋਹੀਆਂ ਦੀ ਪਹਿਲੀ ਟਕਸਾਲੀ ਲਿਸਟ ਇਸ ਲੇਖ ਦੇ ਲੇਖਕ ਨੇ ਅਪਰੈਲ 2005 ਵਿਚ ਪਟਿਆਲਾ ਰਿਆਸਤ ਦੇ ਮਿਸਲਖਾਨੇ 'ਚੋਂ ਹਾਸਲ ਕਰਕੇ ਕੁਝ ਅਖਬਾਰਾਂ ਆਦਿ 'ਚ ਛਪਵਾਈ ਸੀ। ਅਸਲ ਦਸਤਾਵੇਜ਼ ਉਰਦੂ ਵਿਚ ਹੈ ਜੋ ਇਨ੍ਹਾਂ ਦੀ ਗ੍ਰਿਫਤਾਰੀ ਮੌਕੇ ਤਿਆਰ ਕੀਤੀ ਗਈ ਸੀ। ਇਹਦਾ ਅੰਗਰੇਜ਼ੀ ਰੂਪਾਂਤਰ ਹੁਣ ਚੰਡੀਗੜ੍ਹ ਦੇ 17 ਸੈਕਟਰ 'ਚ ਸਥਿਤ 'ਨੈਸ਼ਨਲ ਗੈਲਰੀ ਆਫ ਪੋਟਰੇਟਜ਼' 'ਚ ਵੇਖਿਆ ਜਾ ਸਕਦਾ ਹੈ।

## ਦੂਜਾ ਦਸਤਾਵੇਜ਼

17 ਜਨਵਰੀ 1872 ਦੀ ਸ਼ਾਮ ਕੂਕਿਆਂ ਦੀ ਸ਼ਹਾਦਤ ਤੋਂ ਤੁਰੰਤ ਪਿੱਛੋਂ ਡੀ.ਸੀ. ਨੇ ਆਪਣੀ ਕਾਰਵਾਈ 'ਦੀ ਰਿਪੋਰਟ, ਕਮਿਸ਼ਨਰ ਅੰਬਾਲਾ ਨੂੰ ਲਿਖ ਭੇਜੀ ਸੀ। ਇਸ ਰਿਪੋਰਟ ਦਾ ਪੈਰਾ ਨੰਬਰ: 3 ਇੰਜ ਹੈ।

ਦੋ ਔਰਤਾਂ ਜੋ ਪਟਿਆਲਾ ਰਿਆਸਤ ਦੀਆਂ ਸਨ, ਉਨ੍ਹਾਂ ਨੂੰ ਮੈਂ ਫੌਜ ਦੇ ਕਮਾਨ ਅਫਸਰ ਨੂੰ ਪਟਿਆਲੇ ਪਹੁੰਚਾਉਣ ਖਾਤਰ ਸੌਂਪ ਦਿੱਤਾ। ਵਿਦਰੋਹੀਆਂ ਵਿਚੋਂ 49 ਨੂੰ ਅੱਜ ਬਾਅਦ ਦੁਪਹਿਰੇ ਕੋਟਲੇ ਦੀ ਪਰੇਡ ਗਰਾਊਂਡ 'ਚ, ਪਟਿਆਲਾ, ਨਾਭਾ, ਜੀਂਦ ਤੇ ਕੋਟਲਾ ਦੀਆਂ ਫੌਜੀ ਟੁਕੜੀਆਂ ਦੀ ਮੌਜੂਦਗੀ 'ਚ ਤੋਪਾਂ ਨਾਲ ਉਡਾ ਦਿੱਤਾ ਗਿਆ ਸੀ। ਮੇਰਾ ਇਰਾਦਾ 50 ਨੂੰ ਤੋਪਾਂ ਨਾਲ ਉਡਾ ਕੇ ਬਾਕੀ 16 ਨੂੰ ਅਗਲੇ ਦਿਨ ਫਾਂਸੀ ਦੇਣ ਲਈ ਮਲੌਦ ਭੇਜਣ ਦਾ ਸੀ। ਪਰ ਇਕ ਆਦਮੀ ਨੇ ਗਾਰਦਾਂ ਦਾ ਘੇਰਾ ਤੋੜ ਕੇ ਸਿੱਧਾ ਮੇਰੇ 'ਤੇ ਘਾਤਕ ਹਮਲਾ ਕਰ ਦਿੱਤਾ ਤੇ ਮੈਨੂੰ ਦਾੜ੍ਹੀਓਂ ਫੜ ਕੇ, ਗਲਾ ਘੁਟ ਕੇ ਮਾਰ ਦੇਣ ਦਾ ਯਤਨ ਕੀਤਾ। ਉਹ ਇਕ ਸ਼ਕਤੀਸ਼ਾਲੀ ਬੰਦਾ ਸੀ। ਮੈਂ ਬੜੀ ਹੀ ਮੁਸ਼ਕਲ ਨਾਲ ਉਸ ਤੋਂ ਆਪਣੀ ਖਲਾਸੀ ਕਰਵਾਈ। ਉਪਰੰਤ ਉਸ ਨੇ ਦੇਸੀ ਰਿਆਸਤਾਂ ਦੇ ਕੁਝ ਅਫਸਰਾਂ 'ਤੇ ਵੀ ਘਾਤਕ ਹਮਲਾ ਕੀਤਾ, ਜੋ ਮੇਰੇ ਕੋਲ ਖੜ੍ਹੇ ਸਨ। ਇਨ੍ਹਾਂ ਅਫਸਰਾਂ ਨੇ ਤਲਵਾਰਾਂ ਕੱਢ ਕੇ ਉਹਨੂੰ ਟੁਕੜੇ-ਟੁਕੜੇ ਕਰ ਦਿੱਤਾ। (ਇਹ ਆਦਮੀ 13 ਸਾਲਾ ਭੁਝੰਗੀ ਬਿਸ਼ਨ ਸਿੰਘ ਹੀ ਸੀ)